# ਰੁੱਖਾਂ ਦੀ ਸੁਰੱਖਿਆ ਦੀ ਯੋਜਨਾਵਾਂ ਅਤੇ ਉਪ-ਨਿਯਮ।

## ਕੈਲਗਰੀ ਦੇ ਰੁੱਖਾਂ ਦੀ ਸੁਰੱਖਿਆ ਕਰਨਾ

**ਸਾਰੇ ਜਨਤਕ (ਸ਼ਹਿਰੀ) ਰੁੱਖ ਉਪ-ਨਿਯਮ ਤਹਿਤ ਸੁਰੱਖਿਅਤ ਹੁੰਦੇ ਹਨ।**
***ਰੁੱਖਾਂ ਦੀ ਸੁਰੱਖਿਆ ਦੇ ਉਪ-ਨਿਯਮ*** **ਇਹਨਾਂ ਦੀ ਮਨਾਹੀ ਕਰਦੇ ਹਨ:**

- ਸ਼ਹਿਰੀ ਰੁੱਖਾਂ ਨੂੰ ਕੱਟਣਾ, ਹਟਾਉਣਾ, ਦੂਰ ਲੈ ਜਾਣਾ ਜਾਂ ਕਟਾਈ-ਛੰਗਾਈ ਕਰਨਾ।
- ਛਿੱਲ ਵਿੱਚ ਮੋਰੀਆਂ ਕੱਢਣਾ ਜਾਂ ਸ਼ਹਿਰੀ ਰੁੱਖਾਂ ਦੇ ਨਾਲ ਕੋਈ ਚੀਜ਼ ਜੋੜਨਾ (ਉਦਾਹਰਨ: ਚਿੰਨ੍ਹ, ਸਵਿੰਗਸ, ਕਲੋਥਲਾਈਨਸ, ਸਲੈਕਲਾਈਨਸ)।
- ਸ਼ਹਿਰੀ ਜ਼ਮੀਨ ਉੱਤੇ ਰੁੱਖ ਜਾਂ ਬੂਟੇ ਲਗਾਉਣਾ।
- ਰੁੱਖਾਂ ਉੱਪਰ ਪਾਣੀ ਦੇ ਇਲਾਵਾ ਕੁੱਝ ਹੋਰ ਛਿੜਕਣਾ।
- ਰੁੱਖਾਂ ਨਾਲ ਬਿਜਲੀ ਦੀਆਂ ਤਾਰਾਂ ਜਾਂ ਹੋਰ ਚੀਜ਼ਾਂ ਜੋੜਨਾ।
- ਰੁੱਖ ਦੇ ਸੁਰੱਖਿਆ ਜ਼ੋਨ ਵਿੱਚ ਗੈਰਅਧਿਕਾਰਤ ਦਾਖਲਾ ਜਾਂ ਦਖਲ ਦੇਣਾ।

### ਰੁੱਖਾਂ ਦੀ ਸੁਰੱਖਿਆ ਕਿਉਂ ਕੀਤੀ ਜਾਂਦੀ ਹੈ?

- ਰੁੱਖ ਹਵਾ ਅਤੇ ਪਾਣੀ ਨੂੰ ਸਾਫ ਕਰਦੇ ਹਨ।
- ਰੁੱਖ ਸਰਦੀਆਂ ਵਿੱਚ ਗਰਮਾਇਸ਼ ਅਤੇ ਗਰਮੀਆਂ ਵਿੱਚ ਠੰਡੇ ਹੁੰਦੇ ਹਨ।
- ਰੁੱਖ ਤੂਫਾਨ ਦੇ ਪਾਣੀ ਨੂੰ ਬਰਕਰਾਰ ਰੱਖਦੇ ਹਨ ਅਤੇ ਫਿਲਟਰ ਕਰਦੇ ਹਨ ਅਤੇ ਖੋਰ ਨੂੰ ਘੱਟ ਕਰਦੇ ਹਨ।
- ਉਹ ਸ਼ਹਿਰੀ ਜੈਵ-ਵਿਭਿੰਨਤਾ ਨੂੰ ਪ੍ਰੇਰਿਤ ਕਰਦੇ ਹਨ ਅਤੇ ਉਹਨਾਂ ਨੂੰ ਸਮਰਥਨ ਦਿੰਦੇ ਹਨ।
- ਰੁੱਖ ਸਾਡੇ ਸਮਾਜ ਨੂੰ ਸੋਹਣਾ ਬਣਾਉਂਦੇ ਹਨ ਅਤੇ ਗੁਆਂਢਪੁਣੇ ਦੀ ਮਜ਼ਬੂਤ ਭਾਵਨਾ ਵਿਕਸਤ ਕਰਦੇ ਹਨ।
- ਉਹ ਜ਼ਮੀਨ ਦਾ ਮੁੱਲ ਵਧਾਉਂਦੇ ਹਨ।
- ਸ਼ਹਿਰੀ ਰੁੱਖ ਸਾਡੇ ਸਾਰਿਆਂ ਦੇ ਹੁੰਦੇ ਹਨ, ਉਹ ਸਾਂਝੀ ਪੂੰਜੀ ਹੁੰਦੇ ਹਨ।




## ਜਨਤਕ ਜਾਂ ਨਿੱਜੀ ਰੁੱਖ?

ਜਰਨੈਲੀ ਸੜਕ ਦੇ ਨਾਲ ਅਤੇ ਸੱਜੇ-ਪੱਸੇ ਅੰਦਰ ਵੱਲ ਸਾਰੇ ਰੁੱਖ ਸ਼ਹਿਰੀ ਹਨ ਅਤੇ ***ਰੁੱਖਾਂ ਦੀ ਸੁਰੱਖਿਆ ਦੇ ਉਪ-ਨਿਯਮ*** ਦੁਆਰਾ ਸੁਰੱਖਿਅਤ ਹਨ।

**ਇੱਕ ਜਨਤਕ ਰੁੱਖ ਵਿੱਚ ਸ਼ਹਿਰੀ ਜ਼ਮੀਨ ਉੱਪਰ ਸਥਿਤ ਇਸਦੇ ਤਣੇ ਦਾ ਹਰ ਹਿੱਸਾ ਸ਼ਾਮਲ ਹੈ।**







17-00852782

## ਜ਼ਮੀਨ ਬਣਾਉਣਾ ਜਾਂ ਵਿਕਸਤ ਕਰਨਾ?

ਕਿਸੇ ਰੁੱਖ ਸੁਰੱਖਿਆ ਯੋਜਨਾ (ਟੀਪੀਪੀ) ਦੀ ਲੋੜ ਉਦੋਂ ਹੁੰਦੀ ਹੈ ਜੇ ਕੰਮ ਜਨਤਕ ਰੁੱਖ ਦੇ ਛੇ ਮੀਟਰ ਦੇ ਅੰਦਰ ਹੋ ਰਿਹਾ ਹੋਵੇ। ਟੀਪੀਪੀ ਇਹ ਦਰਸਾਉਂਦਾ ਹੈ ਕਿ ਕੰਮ ਕਿੰਝ ਕੀਤਾ ਜਾਵੇਗਾ ਅਤੇ ਤੁਸੀਂ ਸ਼ਹਿਰ ਦੇ ਰੁੱਖਾਂ ਦੀ ਸੁਰੱਖਿਆ ਕਿੰਝ ਕਰ ਰਹੇ ਹੋ।

ਕੋਈ ਵੀ ਗਤੀਵਿਧੀ ਜੋ ਮਿੱਟੀ (ਕੰਪੈਕਸ਼ਨ, ਖੁਦਾਈ ਜਾਂ ਗ੍ਰੇਡ ਨੂੰ ਬਦਲਣਾ) ਵਿੱਚ ਤਬਦੀਲੀ ਕਰਦੀ ਹੋਵੇ ਜਾਂ ਸ਼ਾਖਾਵਾਂ, ਤਣੇ ਜਾਂ ਜੜ੍ਹਾਂ ਨੂੰ ਨੁਕਸਾਨ ਪਹੁੰਚਾਉਂਦੀ ਹੈ, ਬਹੁਤ ਖਤਰਨਾਕ ਹੁੰਦੀ ਹੈ। ਰੁੱਖ ਨੂੰ ਕਮਜ਼ੋਰ ਹੋਣ ਦੇ ਸੰਕੇਤ ਦੇਣ ਵਿੱਚ 10 ਸਾਲ ਲੱਗ ਸਕਦੇ ਹਨ, ਇਸ ਲਈ ਸਾਨੂੰ ਸਰਗਰਮ ਹੋਣ ਦੀ ਲੋੜ ਹੁੰਦੀ ਹੈ।

**ਜਨਤਕ ਰੁੱਖ ਨੂੰ ਬਿਨ੍ਹਾਂ ਕਿਸੇ ਅਧਿਕਾਰ ਜਾਂ ਵਸਤੂਆਂ ਨੂੰ ਸੁਰੱਖਿਅਤ ਕਰਨ ਤੋਂ ਬਿਨ੍ਹਾਂ ਛਾਂਗਣ/ਪੁੱਟਣ ਕਾਰਨ $10,000 ਤਕ ਦਾ ਜੁਰਮਾਨਾ ਹੋ ਸਕਦਾ ਹੈ। ਰੁੱਖਾਂ ਦੀ ਸੁਰੱਖਿਆ ਦੀ ਪ੍ਰਵਾਨਗੀ ਪ੍ਰਾਪਤ ਯੋਜਨਾ ਦੀ ਪਾਲਣਾ ਕਰਨ ਦੀ ਅਸਫਲਤਾ ਕਰਕੇ $500 ਦਾ ਜੁਰਮਾਨਾ ਹੋ ਸਕਦਾ ਹੈ।**

ਰੁੱਖਾਂ ਦੀ ਸੁਰੱਖਿਆ ਯੋਜਨਾ ਬਾਰੇ ਹੋਰ ਜਾਣਕਾਰੀ ਲਈ, 311 'ਤੇ ਕਾਲ ਕਰੋ ਜਾਂ calgary.ca/trees 'ਤੇ ਜਾਓ।




17-00852782